CS (Main) Exam.2015

PUNJABI

Paper—II

(Literature)

Time Allowed : Three Hours | *Maximum Marks : 250*

QUESTION PAPER SPECIFIC INSTRUCTIONS

Please read each of the following instructions carefully before attempting questions :

*There are **EIGHT** questions divided in **Two Sections**.*

*Candidate has to attempt **FIVE** questions in all.*

*Question Nos. **1** and **5** are compulsory and out of the remaining, **THREE** are to be attempted choosing at least **ONE** question from each Section.*

The number of marks carried by a question/part is indicated against it.

*Answers must be written in **PUNJABI**.*

Word limit in questions, wherever specified, should be adhered to.

Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the answer book must be clearly struck off.

SECTION—A

Q.1. ਹੇਠ ਲਿਖੇ ਪੰਜਾਂ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ (ਸ਼ਬਦ ਸੀਮਾਂ : 150) :— **10×5=50**

Q. 1(a) ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥
ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ॥ 10

Q. 1(b) ਬੇਦਸ ਮਾਹ ਰੁਤੀ ਥਿਤੀ ਵਾਰ ਭਲੇ॥
ਘੜੀ ਮੂਰਤ ਪਲ ਸਾਚੇ ਆਇ ਸਹਜਿ ਮਿਲੇ॥
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਬਿਧਿ ਜਾਣੈ॥
ਜਿਨਿ ਸੀਗਾਰਿ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ॥ 10

Q. 1(c) ਮਾਣਸਖਾਣੈ ਕਰਹਿ ਨਿਵਾਜ।
ਛੁਰੀ ਵਗਾਇਨਿ ਤਿਨ ਗਲਿ ਤਾਗ।
ਤਿਨ ਘਰਿ ਬ੍ਰਹਮਣ ਪੂਰਹਿ ਨਾਦ।
ਓਨ੍ਹਾ ਭਿ ਆਵਹਿ ਓਹੀ ਸਾਦ।
ਕੂੜੀ ਰਾਸਿ ਕੂੜਾ ਵਾਪਾਰੁ। ਕੂੜੁ ਬੋਲਿ ਕਰਹਿ ਆਹਾਰੁ। 10

Optional Province · optionalprovince.com

Q. 1(d) ਹੁਕਮ ਮੰਨ ਕੇ ਸਜਣਾਂ ਪਿਆਰਿਆਂ ਦਾ, ਕਿੱਸਾ ਅਜਬ ਬਹਾਰ ਦਾ ਜੋੜਿਆ ਏ
ਫ਼ਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ, ਨਵਾਂ ਫੁਲ ਗੁਲਾਬ ਦਾ ਤੋੜਿਆ ਏ
ਬਹੁਤ ਜੀਊ ਦੇ ਵਿੱਚ ਤਦਬੀਰ ਕਰਕੇ, ਫ਼ਰਹਾਦ ਪਹਾੜ ਨੂੰ ਤੋੜਿਆ ਏ
ਸਭਾ ਵੀਣ ਕੇ ਜ਼ੇਬ ਬਣਾਇ ਦਿਤਾ, ਜੇਹਾ ਇਤਰ ਗੁਲਾਬ ਨਿਚੋੜਿਆ ਏ। 10

Q. 1(e) ਨਾ ਮੈਂ ਮੋਮਨ ਵਿੱਚ ਮਸੀਤਾਂ, ਨਾ ਮੈਂ ਵਿੱਚ ਕੁਫ਼ਰ ਦੀਆਂ ਰੀਤਾਂ,
ਨਾ ਮੈਂ ਪਾਕਾਂ ਵਿੱਚ ਪਲੀਤਾਂ, ਨਾ ਮੈਂ ਮੂਸਾ ਨਾ ਫਰਔਨ।
ਬੁੱਲ੍ਹਾ ਕੀ ਜਾਣਾਂ ਮੈਂ ਕੌਣ। 10

Q. 2(a) "ਸ਼ੇਖ਼ ਫ਼ਰੀਦ ਦੀ ਬਾਣੀ ਵਿੱਚ ਇੱਕ ਡੂੰਘੇ ਤੇ ਵਿਸ਼ਾਲ ਜੀਵਨ ਅਨੁਭਵ, ਇੱਕ ਵਿਆਪਕ ਮਾਨਵਵਾਦੀ ਦ੍ਰਿਸ਼ਟੀ ਅਤੇ ਇੱਕ ਤੀਬਰ ਨੈਤਿਕ ਸੋਝੀ ਨੂੰ ਆਪਣੇ ਅਨੁਕੂਲ ਮੰਤਰ ਵੀ ਸੁਲੱਭ ਹੋ ਗਿਆ ਹੋਵੇ ਤੇ ਜੰਤਰ ਵੀ, ਅਰਥ ਵੀ ਤੇ ਆਕਾਰ ਵੀ।"—ਇਸ ਕਥਨ ਦੇ ਸੰਦਰਭ ਵਿੱਚ ਫ਼ਰੀਦ ਦੀ ਕਾਵਿ ਕਲਾ ਦੀਆਂ ਖ਼ੂਬੀਆਂ ਬਿਆਨ ਕਰੋ। 20

Q. 2(b) ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿੱਚ ਧਾਰਮਿਕ ਕਰਮਕਾਂਡ ਦੀ ਥਾਂ ਪ੍ਰੇਮਾ-ਭਗਤੀ ਦੀ ਵਕਾਲਤ ਹੋਈ ਹੈ। ਉਸ ਪ੍ਰੇਮ ਜਾਂ ਇਸ਼ਕ ਸੰਕਲਪ ਫ਼ਿਰਕੂ, ਨਸਲੀ ਤੇ ਜਾਤੀ ਵਿਤਕਰਿਆਂ ਦੀ ਥਾਂ ਮਨੁੱਖੀ ਏਕਤਾ, ਸਦਭਾਵਨਾ ਤੇ ਭਾਈਚਾਰਕ ਸਾਂਝ ਦਾ ਸੰਦੇਸ਼ ਦਿੰਦਾ ਹੈ, ਵਿਚਾਰ ਕਰੋ। 10

Q. 2(c) ਵਾਰਿਸ ਸ਼ਾਹ ਦੀ ਹੀਰ ਵਿਚਲੀਆਂ ਉਨ੍ਹਾਂ ਜੁਗਤਾਂ ਦਾ ਵਿਸ਼ਲੇਸ਼ਣ ਪ੍ਰਸਤੁਤ ਕਰੋ ਜਿਨ੍ਹਾਂ ਦੀ ਸਹਾਇਤਾ ਨਾਲ ਉਸ ਨੇ ਇਸ ਸਾਹਿਤਕ ਰਚਨਾ ਦਾ ਉਸਾਰ ਉਸਾਰਿਆ ਹੈ। 20

Q. 3(a) "ਕਿੱਸਾ ਹੀਰ ਵਾਰਿਸ ਵਿਚਲੀ ਮੁੱਖ-ਥੀਮ ਵਰਜਣਾ ਦੇ ਘੇਰੇ ਵਿੱਚ ਘਿਰੀ ਹੋਈ ਆਸ਼ਕੀ ਨੂੰ ਇੱਕ ਵਿਦਰੋਹੀ ਮੁੱਲ ਬਣਾ ਕੇ ਪੇਸ਼ ਕਰਨ ਦੀ ਹੈ", ਇਸ ਧਾਰਨਾ ਦਾ ਵਿਸ਼ਲੇਸ਼ਣ ਪੇਸ਼ ਕਰੋ। 20

Q. 3(b) ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿੱਚ ਉਸਦੇ ਤਤਕਾਲੀਨ ਸਮਾਜ ਦੇ ਧਾਰਮਿਕ, ਰਾਜਸੀ ਅਤੇ ਮਾਨਵ ਵਿਰੋਧੀ ਕਿਰਦਾਰ ਨੂੰ ਜਿਵੇਂ ਉਘਾੜਿਆ ਗਿਆ ਹੈ ਉਸਦੀ ਮਿਸਾਲਾਂ ਸਹਿਤ ਵਿਆਖਿਆ ਕਰੋ। 20

Q. 3(c) ਬਾਰਹ ਮਾਹ ਤੁਖ਼ਾਰੀ ਵਿੱਚ ਲੋਕ ਕਾਵਿ-ਰੂਪ ਦਾ ਅਧਿਆਤਮਕ ਰੂਪਾਂਤਰਣ ਕਿਵੇਂ ਹੋਇਆ ਹੈ? ਇਸ ਉਪਰ ਆਲੋਚਨਾਤਮਕ ਟਿੱਪਣੀ ਪੇਸ਼ ਕਰੋ। 10

Q. 4(a) ਸ਼ੇਖ਼ ਫ਼ਰੀਦ ਦੀ ਬਾਣੀ ਵਿੱਚੋਂ ਉਘੜਦੇ ਨੈਤਿਕ ਮੁੱਲ ਵਿਧਾਨ ਦਾ ਵਿਸ਼ਲੇਸ਼ਣ ਪ੍ਰਸਤੁਤ ਕਰੋ। 20

Q. 4(b) ਆਸਾ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਨੇ ਹਰ ਪ੍ਰਕਾਰ ਦੇ ਦਿਖਾਵੇ ਅਤੇ ਪਖੰਡ ਦਾ ਪਾਜ ਉਘਾੜ ਕੇ ਵਿਦਰੋਹੀ ਸੁਰ ਨੂੰ ਬੁਲੰਦ ਕੀਤਾ ਹੈ—ਕਿਵੇਂ? ਚਰਚਾ ਕਰੋ। 20

Q. 4(c) ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚਲੀ ਵਿਦਰੋਹੀ ਸੁਰ ਦੀ ਵਿਆਖਿਆ ਕਰੋ। 10

SECTION—B

Q.5. **ਹੇਠ ਲਿਖੇ ਪੰਜਾਂ ਸਾਹਿਤਕ ਖੰਡਾਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ (ਸ਼ਬਦ ਸੀਮਾਂ : 150) :—** **10×5=50**

Q. 5(a) ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ, ਸਭੇ ਕਤਲ ਹੋਏ ਵਾਰੋ ਵਾਰ ਮੀਆਂ।
ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ, ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ, ਭੂਤ ਮੰਡਲੀ ਹੋਈ ਤਿਆਰ ਮੀਆਂ। 10

Optional Province · optionalprovince.com

Q. 5(b) ਅਦਾਲਤੀ ਕਾਨੂੰਨ, ਧਨਵਾਨਾਂ ਦਾ ਨੌਕਰ ਤੇ ਨਿਰਧਨਾਂ ਦਾ ਮਾਲਕ ਹੈ। ਉਹ ਅਮੀਰਾਂ ਦੇ ਹੁਕਮ ਵਿੱਚ ਤੁਰਦਾ ਹੈ ਤੇ ਗਰੀਬਾਂ ਨੂੰ ਆਪਣੇ ਹੁਕਮ ਵਿੱਚ ਤੋਰਦਾ ਹੈ। 10

Q. 5(c) "... ਤੂੰ ਮੈਨੂੰ ਵੀ ਲੋਹਾ ਹੀ ਸਮਝਿਆ। ਲੋਹਾ ਜਿਸ ਵਿੱਚ ਨਾ ਕੋਈ ਰੀਝ, ਨਾ ਸੱਧਰ, ਨਾ ਤੜਪ। ਤੇਰਾ ਪਿਆਰ ? ਅੰਨ੍ਹਾਂ ਤੇ ਜ਼ਾਲਿਮ। ਸਰੀਰ ਦੀ ਇਕਪਾਸੜ ਤੜਪ।" 10

Q. 5(d) ਕੋਈ ਖ਼ਜ਼ਾਨਾ, ਕੋਈ ਸ਼ੁਹਰਤ, ਕੋਈ ਮਲਕੀਅਤ, ਉਸ ਖੀਵੇ ਦਿਲ ਦੀ ਬਾਦਸ਼ਾਹਤ ਨਾਲ ਨਹੀਂ ਤੁਲ ਸਕਦੇ, ਜਿਦ੍ਹੇ ਵਿੱਚ ਹੁਸਨ ਤਾਂਘ ਨੇ ਦੁਨੀਆਂ ਦੇ ਸਾਰੇ ਹੁਸੀਨ ਲਿਆ ਵਸਾਏ ਹਨ.....ਉਹ ਦਿਲ ਅਸਲੀ ਬਾਦਸ਼ਾਹ ਹੈ, ਜਿਦ੍ਹੀ ਛਾਤੀ ਵਿੱਚ ਹਰੇਕ ਮੁਖ ਕੋਈ ਰਸੀਲੀ ਛੇੜ ਛਾੜ ਕਰਦਾ ਹੈ। 10

Q. 5(e) ਕਵਿਤਾ ਦਾ ਇੱਕ ਕਰਤਵ ਮਨੁੱਖ ਨੂੰ ਪ੍ਰਾਪਤੀ ਲਈ ਪ੍ਰੇਰਣਾ ਤੇ ਸ਼ਕਤੀ ਦਾਨ ਕਰਨਾ ਹੈ। ਇਹ ਪ੍ਰੇਰਣਾ ਤੇ ਸ਼ਕਤੀ ਮਨੁੱਖ ਦੇ ਮਨੋਭਾਵਾਂ ਨੂੰ ਉਤੇਜਿਤ ਕਰਕੇ ਉਸ ਦੇ ਕਰਮ ਨੂੰ ਪ੍ਰਭਾਵਿਤ ਕਰਦੀ ਹੈ। ਕਵਿਤਾ ਦੇ ਬਲੀ ਹੋਣ ਦਾ ਮਾਪ ਇਸ ਦੀ ਮਨੁੱਖ ਦੇ ਅੰਤ੍ਰੀਵ ਭਾਵਾਂ ਨੂੰ ਉਤੇਜਿਤ ਕਰਨ ਵਾਲੀ ਇਹ ਸ਼ਕਤੀ ਹੀ ਹੈ। 10

Q. 6(a) ਸ਼ਾਹ ਮੁਹੰਮਦ ਦੀ ਰਚਨਾ ਜੰਗ ਸਿੰਘਾਂ ਤੇ ਫਿਰੰਗੀਆਂ ਵਿੱਚ ਵੱਖ-ਵੱਖ ਕਾਵਿ ਰੂਪਾਂ ਜਿਵੇਂ ਜੰਗਨਾਮਾ, ਵਾਰ, ਕਿੱਸਾ ਦੀਆਂ ਜੁਗਤਾਂ ਦਾ ਮਿਸ਼ਰਣ ਪ੍ਰਸਤੁਤ ਹੋਇਆ ਹੈ—ਚਰਚਾ ਕਰੋ। 20

Q. 6(b) 'ਲੋਹਾ ਕੁੱਟ' ਦੇ ਵਿਸ਼ਲੇਸ਼ਣ ਦੇ ਆਧਾਰ ਉਪਰ ਇਸ ਨਾਟਕ ਵਿਚਲੇ ਪ੍ਰਤੀਕ-ਪ੍ਰਬੰਧ ਦੀ ਵਿਆਖਿਆ ਕਰੋ। 10

Q. 6(c) "ਗੁਰਬਖ਼ਸ਼ ਸਿੰਘ ਨੇ ਪੰਜਾਬੀ ਵਾਰਤਕ ਵਿੱਚ ਮਜ਼ਬੂਤੀ ਕੱਟੜਤਾ ਅਤੇ ਅੰਧ-ਵਿਸ਼ਵਾਸ ਦੇ ਖਿਲਾਫ਼ ਜੰਗ ਛੇੜਦੇ ਹੋਏ ਪ੍ਰੀਤ ਫ਼ਲਸਫ਼ੇ ਨੂੰ ਪ੍ਰਚਾਰਿਆ", ਇਸ ਸੰਦਰਭ ਵਿੱਚ ਗੁਰਬਖਸ਼ ਸਿੰਘ ਦੀ ਵਾਰਤਕ ਸੰਬੰਧੀ ਚਰਚਾ ਕਰੋ। 20

Q. 7(a) ਨਾਨਕ ਸਿੰਘ ਵਿਅਕਤੀ ਦੇ ਮਨ-ਪਰਿਵਰਤਨ ਰਾਹੀਂ ਸਮਾਜ ਸੁਧਾਰ ਅਤੇ ਕ੍ਰਾਂਤੀ ਦਾ ਵਿਚਾਰ ਪੇਸ਼ ਕਰਨ ਵਾਲਾ ਆਦਰਸ਼ਵਾਦੀ ਨਾਵਲਕਾਰ ਹੈ। 'ਪਵਿੱਤਰ ਪਾਪੀ' ਨਾਵਲ ਦੇ ਹਵਾਲੇ ਨਾਲ ਇਸ ਬਾਰੇ ਚਰਚਾ ਕਰੋ। 20

Q. 7(b) ਧਨੀ ਰਾਮ ਚਾਤ੍ਰਿਕ ਪੰਜਾਬੀ ਸੁਭਾਅ, ਪੰਜਾਬੀਆਂ ਦੀਆਂ ਮੂਲ ਅਕਾਂਖਿਆਵਾਂ ਤੇ ਇਨ੍ਹਾਂ ਦੀਆਂ ਰੁਮਾਂਟਿਕ ਦਿਲਲਗੀਆਂ ਨੂੰ ਬਾਰੀਕੀ ਨਾਲ ਸਮਝਣ ਤੇ ਪੇਸ਼ ਕਰਨ ਵਾਲਾ ਸ਼ਾਇਰ ਹੈ। ਇਸ ਧਾਰਨਾ ਦੇ ਆਧਾਰ ਉਪਰ ਧਨੀ ਰਾਮ ਚਾਤ੍ਰਿਕ ਦੀ ਸ਼ਾਇਰੀ ਸੰਬੰਧੀ ਚਰਚਾ ਕਰੋ। 20

Q. 7(c) "ਬਲਰਾਜ ਸਾਹਨੀ ਮੇਰਾ ਪਾਕਿਸਤਾਨੀ ਸਫ਼ਰਨਾਮਾ ਵਿੱਚ ਪੰਜਾਬੀਆਂ ਦੇ ਜਜ਼ਬੇ ਅਤੇ ਵੰਡ ਦੇ ਦੁੱਖਾਂ ਨੂੰ ਚਿਤ੍ਰਦਾ ਹੈ ਅਤੇ ਵਤਨ ਦੀ ਮਿੱਟੀ ਦੀ ਸਾਂਝ ਤੇ ਸਭਿਆਚਾਰਕ ਉਦਰੇਵੇਂ ਨੂੰ ਪ੍ਰਭਾਵਸ਼ਾਲੀ ਰੂਪ ਵਿੱਚ ਬਿਆਨ ਕਰਦਾ ਹੈ"—ਚਰਚਾ ਕਰੋ। 10

Q. 8(a) ਨਾਨਕ ਸਿੰਘ ਦਾ ਨਾਵਲ ਚਿੱਟਾ ਲਹੂ ਪੰਜਾਬੀ ਦਾ ਪਹਿਲਾ ਯਥਾਰਥਵਾਦੀ ਨਾਵਲ ਹੈ--ਇਸ ਕਥਨ ਦੀ ਰੌਸ਼ਨੀ ਵਿੱਚ ਚਿੱਟਾ ਲਹੂ ਵਿੱਚ ਪੇਸ਼ ਸਮੱਸਿਆਵਾਂ ਉੱਪਰ ਰੌਸ਼ਨੀ ਪਾਓ। 20

Q. 8(b) ਸੰਤ ਸਿੰਘ ਸੇਖੋਂ ਸਾਹਿਤ ਚਿੰਤਨ ਦੇ ਸਿੱਧਾਂਤਕ ਸਰੋਕਾਰਾਂ ਦਾ ਵਿਸ਼ਲੇਸ਼ਣ ਪ੍ਰਸਤੁਤ ਕਰੋ। 20

Q. 8(c) "ਗੁਰਬਖ਼ਸ਼ ਸਿੰਘ ਨੇ ਆਪਣੀ ਵਾਰਤਕ ਸ਼ੈਲੀ ਦੀ ਵਿਲੱਖਣਤਾ ਰਾਹੀਂ ਪੰਜਾਬੀ ਵਾਰਤਕ ਨੂੰ ਸਿਖਰਾਂ ਤੇ ਪਹੁੰਚਾ ਦਿੱਤਾ"—ਇਸ ਕਥਨ ਦੀ ਰੌਸ਼ਨੀ ਵਿੱਚ ਗੁਰਬਖ਼ਸ਼ ਸਿੰਘ ਦੀ ਵਾਰਤਕ ਸ਼ੈਲੀ ਦੇ ਉਭਰਵੇਂ ਗੁਣਾਂ ਨੂੰ ਉਘਾੜੋ। 10

Optional Province · optionalprovince.com